## ਛੇਤੀ ਨਾਲ ਯਾਦ ਰੱਖਣ ਵਾਲੇ ਗੁਰ:

1. *ਹਮੇਸ਼ਾ ਹੀ ਮੁਰੰਮਤ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ ਇਸ ਦੇ ਖ਼ਰਚੇ ਦਾ ਅਨੁਮਾਨ ਲਿਖਤੀ ਰੂਪ ਵਿੱਚ ਲਉ। ਜੇ ਤੁਹਾਨੂੰ ਲਿਖਤੀ ਅਨੁਮਾਨ ਨਹੀਂ ਦਿੱਤਾ ਜਾਂਦਾ, ਤਾਂ ਫਿਰ ਕਿਧਰੇ ਹੋਰ ਪਤਾ ਕਰੋ। ਅਨੁਮਾਨ ਵਿੱਚ ਜਿੱਥੋਂ ਤਕ ਹੋ ਸਕੇ ਤੁਹਾਡੀ ਕਾਰ ਦੇ ਵਧ ਤੋਂ ਵਧ ਵੇਰਵੇ, ਇਸ ਵਿੱਚ ਕੀਤਾ ਜਾਣ ਵਾਲਾ ਕੰਮ ਅਤੇ ਕੰਮ ਲਈ ਚਾਰਜ ਕੀਤੇ ਜਾਣ ਵਾਲੇ ਦਰ ਦੱਸੇ ਹੋਣੇ ਚਾਹੀਦੇ ਹਨ।*
2. *ਇਹ ਮੰਗ ਜ਼ਰੂਰ ਕਰੋ ਕਿ ਮੁਰੰਮਤ ਵੇਲੇ ਜਿਹੜੇ ਪੁਰਾਣੇ ਪਾਰਟਸ ਬਦਲੇ ਜਾਣ, ਉਹ ਤੁਹਾਨੂੰ ਵਾਪਸ ਕਰ ਦਿੱਤੇ ਜਾਣ।*
3. *ਪਰਿਵਾਰ, ਦੋਸਤਾਂ ਅਤੇ ਸਹਿਕਰਮੀਆਂ ਨੂੰ ਪੁੱਛੋ ਕਿ ਉਹ ਮੁਰੰਮਤ ਦਾ ਚੰਗਾ ਕੰਮ ਕਰਨ ਵਾਲੀ ਕੋਈ ਦੁਕਾਨ ਦੱਸਣ। ਜੇ ਤੁਹਾਡੇ ਕੋਲ ਇਸ ਬਾਰੇ ਕੋਈ ਨਿੱਜੀ ਸਿਫ਼ਾਰਸ਼ ਨਹੀਂ ਹੈ, ਤਾਂ ਫਿਰ ਇਧਰੋਂ ਉਧਰੋਂ ਪਤਾ ਕਰੋ – ਪਰ ਧਿਆਨ ਨਾਲ।*
4. *ਮੁਰੰਮਤ ਦਾ ਕੰਮ ਕਰਨ ਵਾਲੀ ਦੁਕਾਨ 'ਤੇ ਜਾਉ ਅਤੇ ਸਰਵਿਸ ਮੈਨੇਜਰ ਜਾਂ ਮਾਲਕ ਨਾਲ ਗਲ ਕਰੋ।*
5. *ਹੋਰ ਦੁਕਾਨਾਂ ਬਾਰੇ ਪੁੱਛੋ ਅਤੇ ਉਨ੍ਹਾਂ ਸੰਬੰਧੀ ਪੜਤਾਲ ਕਰੋ।*
6. *ਜਦੋਂ ਤੁਹਾਨੂੰ ਕੋਈ ਅਜਿਹੀ ਦੁਕਾਨ ਮਿਲ ਜਾਏ, ਜਿਸ 'ਤੇ ਤੁਹਾਨੂੰ ਤਸੱਲੀ ਹੋਵੇ, ਤਾਂ ਫਿਰ ਹਮੇਸ਼ਾ ਉੱਥੋਂ ਹੀ ਕੰਮ ਕਰਾਉ।*

**ਹੇਠ ਲਿਖੇ ਮੁੱਦਿਆਂ ਬਾਰੇ ਖਪਤਕਾਰਾਂ ਦੇ ਬਚਾਅ ਲਈ ਵਧੀਕ ਸਲਾਹ ਵੈੱਬਸਾਈਟ www.cbs.gov.on.ca 'ਤੇ ਉਪਲਬਧ ਹੈ:**

- ਖਪਤਕਾਰ ਵਜੋਂ ਤੁਹਾਡੇ ਹੱਕ
- ਸਾਮਾਨ ਦੀ ਖ਼ਰੀਦ
- ਘਰ ਆਉਣ ਵਾਲੇ ਵਿਕ੍ਰੇਤਾਵਾਂ ਤੋਂ ਖਰੀਦ
- ਮੈਂਬਰਸ਼ਿੱਪ ਅਤੇ ਸੇਵਾਵਾਂ
- ਮੋਟਰ ਗੱਡੀਆਂ
- ਨਿੱਜੀ ਵਿੱਤ (ਫ਼ਾਇਨੈਂਸਿਜ਼)
- ਸ਼ਿਕਾਇਤ ਕਰਨੀ
- ਸ਼ਨਾਖ਼ਤ ਦੀ ਚੋਰੀ

ਮੰਤਰਾਲੇ ਸੰਬੰਧੀ ਆਮ ਸੂਚਨਾ ਲਈ ਵੇਖੋ ਵੈੱਬਸਾਈਟ **www.mgs.gov.on.ca,** ਜਾਂ ਇਸ ਨੰਬਰ 'ਤੇ ਫ਼ੋਨ ਕਰੋ **(416) 326-8555** ਜਾਂ ਕਰ-ਮੁਕਤ ਨੰਬਰ **1-800-268-1142** (ਓਂਟਾਰੀਓ ਵਿੱਚ)
ਸਿਰਫ਼ TTY/ਟੈਲੀਟਾਈਪਰਾਈਟਰ ਵਰਤਣ ਵਾਲਿਆਂ ਲਈ:
**(416) 325-3408** ਜਾਂ ਕਰ-ਮੁਕਤ ਹੈ **1-800-268-7095**

ਕਿਰਪਾ ਕਰਕੇ ਆਪਣੀਆਂ ਟਿੱਪਣੀਆਂ, ਫ਼ੀਡਬੈਕ ਅਤੇ ਪੁੱਛਾਂ ਇੱਥੇ ਭੇਜੋ: **cbsinfo@cbs.gov.on.ca**

© Queen's Printer for Ontario 2005

ISBN 0-7794-8435-5



**05a**

ਕਾਰਾਂ ਦੀ ਮੁਰੰਮਤ

# ਮੋਟਰ ਗੱਡੀਆਂ ਦੀਆਂ ਮੁਰੰਮਤਾਂ ਬਾਰੇ ਤੁਹਾਨੂੰ ਕੀ ਜਾਣਨ ਦੀ ਜ਼ਰੂਰਤ ਹੈ

Ontario

## ਹੁਸ਼ਿਆਰ ਖਪਤਕਾਰ ਬਿਜ਼ਨਸ ਲਈ ਚੰਗੇ ਹੁੰਦੇ ਹਨ

**ਓਂਟਾਰੀਓ ਖਪਤਕਾਰਾਂ ਦੀ ਸੁਰੱਖਿਆ ਵਿੱਚ ਮੋਹਰੀ ਹੈ ਅਤੇ ਇਸਨੇ ਖਪਤਕਾਰਾਂ ਅਤੇ ਕਾਰੋਬਾਰਾਂ (ਬਿਜ਼ਨਸ) ਲਈ ਸਪੱਸ਼ਟ ਨਿਯਮ ਬਣਾਏ ਹੋਏ ਹਨ। ਆਪਣੇ ਅਧਿਕਾਰ ਜਾਣੋ - ਮਾਰਕਿਟ ਵਿੱਚ ਹੁਸ਼ਿਆਰੀ ਤੋਂ ਕੰਮ ਲਉ ਅਤੇ ਆਪਣੇ ਆਪਣੂ ਸੁਰੱਖਿਅਤ ਰੱਖੋ।**

### ਤੁਹਾਡੀ ਕਾਰ ਦੀਆਂ ਮੁਰੰਮਤਾਂ

ਮੋਟਰ ਗੱਡੀਆਂ ਦੀਆਂ ਮੁਰੰਮਤਾਂ ਬਾਰੇ ਸ਼ਿਕਾਇਤਾਂ ਸਰਕਾਰੀ ਸੇਵਾਵਾਂ ਬਾਰੇ ਮੰਤਰਾਲੇ ਕੋਲ ਉਪਭੋਗੀਆਂ ਵਲੋਂ ਕੀਤੀਆਂ ਜਾਂਦੀਆਂ ਤੀਜੇ ਨੰਬਰ 'ਤੇ ਸਭ ਤੋਂ ਆਮ ਸ਼ਿਕਾਇਤਾਂ ਹਨ। ਬਹੁਤੀਆਂ ਸ਼ਿਕਾਇਤਾਂ ਮੋਟਰ ਗੱਡੀਆਂ ਦੀ ਮੁਰੰਮਤ ਕਰਨ ਵਾਲੀਆਂ ਦੁਕਾਨਾਂ ਨਾਲ ਸੰਬੰਧਤ ਹਨ, ਜੋ ਜ਼ਿਆਦਾ ਪੈਸੇ ਚਾਰਜ ਕਰਦੀਆਂ ਹਨ, ਅਣਅਧਿਕ੍ਰਿਤ ਕੰਮ ਕਰਦੀਆਂ ਹਨ ਜਾਂ ਜਿਨ੍ਹਾਂ ਦੇ ਕੰਮ ਦੀ ਕੁਆਲਿਟੀ ਚੰਗੀ ਨਹੀਂ ਹੁੰਦੀ, ਜਾਂ ਉਹ ਵਾਰੰਟੀਆਂ ਦੇਣ ਵਿੱਚ ਅਸਫ਼ਲ ਰਹਿੰਦੀਆਂ ਹਨ। ਜਦੋਂ ਤੁਸੀਂ ਆਪਣੀ ਮੋਟਰ ਮੁਰੰਮਤ ਲਈ ਲਿਆਉਂਦੇ ਹੋ, ਤਾਂ ਕਾਨੂੰਨ ਹੇਠ ਤੁਹਾਡੀ ਹਿਫ਼ਾਜ਼ਤ ਹੁੰਦੀ ਹੈ ਅਤੇ ਕੁਝ ਇਕ ਇਹਤਿਆਤਾਂ ਨਾਲ ਆਮ ਸ਼ਿਕਾਇਤਾਂ ਤੋਂ ਬਚਿਆ ਜਾ ਸਕਦਾ ਹੈ।

***ਛੇਤੀ ਨਾਲ ਯਾਦ ਰੱਖਣ ਵਾਲੇ ਗੁਰ:***

- ਹਮੇਸ਼ਾ ਹੀ ਮੁਰੰਮਤ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ ਇਸ ਦੇ ਖ਼ਰਚੇ ਦਾ ਅਨੁਮਾਨ ਲਿਖਤੀ ਰੂਪ ਵਿੱਚ ਲਉ। ਜੇ ਤੁਹਾਨੂੰ ਲਿਖਤੀ ਅਨੁਮਾਨ ਨਹੀਂ ਦਿਤਾ ਜਾਂਦਾ, ਤਾਂ ਫਿਰ ਕਿਧਰੇ ਹੋਰ ਪਤਾ ਕਰੋ। ਅਨੁਮਾਨ ਵਿੱਚ ਜਿਥੋਂ ਤਕ ਹੋ ਸਕੇ ਤੁਹਾਡੀ ਕਾਰ ਦੇ ਵਧ ਤੋਂ ਵਧ ਵੇਰਵੇ, ਇਸ ਵਿੱਚ ਕੀਤਾ ਜਾਣ ਵਾਲਾ ਕੰਮ ਅਤੇ ਕੰਮ ਲਈ ਚਾਰਜ ਕੀਤੇ ਜਾਣ ਵਾਲੇ ਦਰ ਦਸੇ ਹੋਣੇ ਚਾਹੀਦੇ ਹਨ।
- ਇਹ ਮੰਗ ਜ਼ਰੂਰ ਕਰੋ ਕਿ ਮੁਰੰਮਤ ਵੇਲੇ ਜਿਹੜੇ ਪੁਰਾਣੇ ਪਾਰਟਸ ਬਦਲੇ ਜਾਣ, ਉਹ ਤੁਹਾਨੂੰ ਵਾਪਸ ਕਰ ਦਿੱਤੇ ਜਾਣ।
- ਪਰਿਵਾਰ, ਦੋਸਤਾਂ ਅਤੇ ਸਹਿਕਰਮੀਆਂ ਨੂੰ ਪੁੱਛੋ ਕਿ ਉਹ ਮੁਰੰਮਤ ਦਾ ਚੰਗਾ ਕੰਮ ਕਰਨ ਵਾਲੀ ਕੋਈ ਦੁਕਾਨ ਦੱਸਣ। ਜੇ ਤੁਹਾਡੇ ਕੋਲ ਇਸ ਬਾਰੇ ਕੋਈ ਨਿੱਜੀ ਸਿਫ਼ਾਰਸ਼ ਨਹੀਂ ਹੈ, ਤਾਂ ਫਿਰ ਇਧਰੋਂ ਉਧਰੋਂ ਪਤਾ ਕਰੋ - ਪਰ ਧਿਆਨ ਨਾਲ।
- *ਮੁਰੰਮਤ ਦਾ ਕੰਮ ਕਰਨ ਵਾਲੀ ਦੁਕਾਨ 'ਤੇ ਜਾਉ ਅਤੇ ਸਰਵਿਸ ਮੈਨੇਜਰ ਜਾਂ ਮਾਲਕ ਨਾਲ ਗੱਲ ਕਰੋ।*
- *ਹੋਰ ਦੁਕਾਨਾਂ ਬਾਰੇ ਪੁੱਛੋ ਅਤੇ ਉਨ੍ਹਾਂ ਸੰਬੰਧੀ ਪੜਤਾਲ ਕਰੋ।*
- *ਜਦੋਂ ਤੁਹਾਨੂੰ ਕੋਈ ਅਜਿਹੀ ਦੁਕਾਨ ਮਿਲ ਜਾਏ, ਜਿਸ 'ਤੇ ਤੁਹਾਨੂੰ ਤਸੱਲੀ ਹੋਵੇ, ਤਾਂ ਫਿਰ ਹਮੇਸ਼ਾ ਉੱਥੋਂ ਹੀ ਕੰਮ ਕਰਾਉ।*

***ਤੁਹਾਡੇ ਅਧਿਕਾਰ:***

- ਮੁਰੰਮਤ ਦੇ ਕੰਮ ਦਾ ਅੰਤ ਖ਼ਰਚਾ ਮੂਲ ਅਨੁਮਾਨ ਨਾਲੋਂ, ਉਸਦੇ 10 ਫ਼ੀਸਦੀ ਤੋਂ ਉੱਪਰ ਨਹੀਂ ਹੋਣਾ ਚਾਹੀਦਾ। ਪਰ ਜੇ ਤੁਸੀਂ ਕੀਮਤ ਵਿੱਚ ਵਾਧੇ ਲਈ ਜ਼ਬਾਨੀ ਜਾਂ ਲਿਖਤੀ ਰੂਪ ਵਿੱਚ ਸਹਿਮਤੀ ਦਿੰਦੇ ਹੋ, ਤਾਂ ਵਖਰੀ ਗਲ ਹੈ।
- ਕਾਨੂੰਨ ਦੇ ਤਹਿਤ ਮੁਰੰਮਤ ਦਾ ਕੰਮ ਕਰਨ ਵਾਲੀਆਂ ਦੁਕਾਨਾਂ 'ਤੇ ਇਕ ਪ੍ਰਤੱਖ ਨਜ਼ਰ ਆਉਂਦੀ ਥਾਂ 'ਤੇ ਇਕ ਸਾਈਨ ਹੋਣਾ ਚਾਹੀਦਾ ਹੈ, ਜਿਸ ਵਿੱਚ ਇਹ ਇਹ ਗਲਾਂ ਦੱਸੀਆਂ ਹੋਣੀਆਂ ਚਾਹੀਦੀਆਂ ਹਨ:
  - ਮੁਰੰਮਤ ਕਰਨ ਵਾਲੇ ਲਈ ਇਕ ਲਿਖਤੀ ਅਨੁਮਾਨ ਪੇਸ਼ ਕਰਨਾ ਜ਼ਰੂਰੀ ਹੈ, ਪਰ ਜੇ ਖਪਤਕਾਰ ਮੁਰੰਮਤ 'ਤੇ ਇਕ ਵਧ ਤੋਂ ਵਧ ਰਕਮ ਖ਼ਰਚ ਕਰਨ ਦੀ ਆਗਿਆ ਦਿੰਦਾ ਹੈ, ਤਾਂ ਵਖਰੀ ਗਲ ਹੈ।
  - ਮੁਰੰਮਤ ਕਰਨ ਵਾਲੇ ਵਿਅਕਤੀ ਦੀ ਮਜ਼ਦੂਰੀ ਦੇ ਦਰ ਅਤੇ ਉਨ੍ਹਾਂ ਦਾ ਕਿਵੇਂ ਹਿਸਾਬ ਲਾਇਆ ਜਾਂਦਾ ਹੈ (ਜਿਵੇਂ ਕਿ ਇਹ ਇਕਸਾਰਾ ਦਰ ਹੈ ਜਾਂ ਪ੍ਰਤਿ ਘੰਟਾ ਦਰ ਹੈ)।
  - ਕੀ ਮਕੈਨਿਕਾਂ ਨੂੰ ਕਮਿਸ਼ਨ ਦਿਤੀ ਜਾਂਦੀ ਹੈ।
  - ਜਿਹੜੇ ਪਾਰਟਸ ਬਦਲੇ ਜਾਣੇ ਹੋਣ, ਉਹ ਕੰਮ ਮੁਕੰਮਲ ਹੋ ਜਾਣ 'ਤੇ, ਬੇਨਤੀ 'ਤੇ ਵਾਪਸ ਕਰ ਦਿੱਤੇ ਜਾਣਗੇ।
  - ਸਰਕਾਰੀ ਸੇਵਾਵਾਂ ਬਾਰੇ ਮੰਤਰਾਲੇ ਦਾ ਟੈਲੀਫ਼ੋਨ ਨੰਬਰ, ਜੇ ਇਹ ਇਨਵਾਇਸ 'ਤੇ ਛਪਿਆ ਹੋਇਆ ਨਹੀਂ ਹੈ, (416) 325-3408 ਜਾਂ ਕਰ-ਮੁਕਤ ਨੰਬਰ ਹੈ 1-800-268-7095 ।
- ਤੁਹਾਡੀ ਕਾਰ ਦੀ ਉਦੋਂ ਤਕ ਮੁਰੰਮਤ ਨਹੀਂ ਕੀਤੀ ਜਾ ਸਕਦੀ, ਜਦ ਤਕ ਤੁਸੀਂ ਟੈਲੀਫ਼ੋਨ 'ਤੇ ਜਾ ਅਨੁਮਾਨ 'ਤੇ ਦਸਤਖ਼ਤ ਕਰਕੇ ਇਸਦੀ ਆਗਿਆ ਨਹੀਂ ਦਿੰਦੇ।
- ਮੁਰੰਮਤ ਕਰਨ ਵਾਲੀ ਦੁਕਾਨ ਲਈ ਨਵੇਂ ਅਤੇ ਵਰਤੇ ਹੋਏ ਬਹੁਤੇ ਪਾਰਟਸ ਲਈ ਅਤੇ ਸੰਬੰਧਤ ਮਜ਼ਦੂਰੀ ਦੇ ਖ਼ਰਚੇ ਲਈ **90 ਦਿਨ ਦੀ ਜਾਂ 5,000 ਕਿਲੋਮੀਟਰ (ਜੋ ਪਹਿਲਾਂ ਖ਼ਤਮ ਹੋਏ) ਦੀ ਵਾਰੰਟੀ** ਦੇਣਾ ਜ਼ਰੂਰੀ ਹੈ।
- ਜੇ ਤੁਹਾਡੀ ਮੋਟਰ ਗੱਡੀ ਵਾਰੰਟੀ ਦੇ ਸਮੇਂ ਅੰਦਰ ਖ਼ਰਾਬ ਹੋ ਜਾਂਦੀ ਹੈ, ਜਾਂ ਉਸਨੂੰ ਡਰਾਈਵ ਕਰਨਾ ਸੁਰੱਖਿਅਤ ਨਹੀਂ ਹੁੰਦਾ, ਤਾਂ ਇਸਨੂੰ ਮੁੜ ਮੁਰੰਮਤ ਵਾਲੀ ਦੁਕਾਨ 'ਤੇ ਲਿਜਾਣ ਦਾ ਪ੍ਰਬੰਧ ਕਰੋ। ਦੁਕਾਨ ਨੂੰ ਚਾਹੀਦਾ ਹੈ ਕਿ ਉਹ ਵਾਰੰਟੀ ਹੇਠ ਪਾਰਟ ਬਦਲੇ ਅਤੇ ਦੁਬਾਰਾ ਮੁਰੰਮਤ ਲਈ ਮਜ਼ਦੂਰੀ ਦਾ ਖ਼ਰਚਾ ਵੀ ਭਰੇ।
- ਤੁਹਾਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਕੀ ਤੁਹਾਡੀ ਮੋਟਰ ਗੱਡੀ ਦੀ ਮੁਰੰਮਤ ਕਰਨ ਲਈ ਫਿਰ ਤੋਂ ਠੀਕ ਠਾਕ ਕੀਤੇ ਗਏ ਪਾਰਟਸ ਵਰਤੇ ਜਾਣਗੇ ਕਿ ਨਹੀਂ।
- ਤੁਹਾਨੂੰ ਇਹ ਅਧਿਕਾਰ ਹੈ ਕਿ ਮੁਰੰਮਤ ਵੇਲੇ ਜਿਹੜੇ ਪਾਰਟਸ ਬਦਲੇ ਜਾਣ, ਉਹ ਤੁਹਾਨੂੰ ਮੋੜ ਦਿੱਤੇ ਜਾਣ।
- ਜੇ ਤੁਸੀਂ ਆਪਣੀ ਮੋਟਰ ਮੁਰੰਮਤ ਲਈ ਮੁੜ ਉਸ ਦੁਕਾਨ 'ਤੇ ਨਹੀਂ ਲਿਜਾ ਸਕਦੇ ਅਤੇ ਇਸਦੀ ਮੁਰੰਮਤ ਕਿਸੇ ਹੋਰ ਦੁਕਾਨ ਤੋਂ ਕਰਵਾ ਲੈਂਦੇ ਹੋ, ਤਾਂ ਆਪਣੇ ਪੈਸੇ ਵਾਪਸ ਲੈਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਨੁਕਸਾਨਦਾਰ ਪਾਰਟਸ ਪਹਿਲਾਂ ਵਾਲੀ ਦੁਕਾਨ ਨੂੰ (ਉਸ ਵਲੋਂ ਬੇਨਤੀ ਕੀਤੇ ਜਾਣ 'ਤੇ) ਵਾਪਸ ਕਰ ਦਿਉ।
- ਤੁਹਾਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਕੀ ਮਕੈਨਿਕਾਂ ਨੂੰ ਕਮਿਸ਼ਨ ਦਿੱਤੀ ਗਈ ਹੈ।

ਜੇ ਕਿਸੇ ਮੁਰੰਮਤ ਕਰਨ ਵਾਲੀ ਦੁਕਾਨ ਨੇ ਉਪਰ ਦੱਸੇ ਗਏ ਤੁਹਾਡੇ ਅਧਿਕਾਰਾਂ ਵਿੱਚੋਂ ਕਿਸੇ ਦੀ ਉਲੰਘਣਾ ਕੀਤੀ ਹੈ, ਤਾਂ ਮੈਨੇਜਰ ਨਾਲ ਸੰਪਰਕ ਕਰੋ ਅਤੇ ਫ਼ੌਰਨ ਲਿਖਤੀ ਰੂਪ ਵਿੱਚ ਸ਼ਿਕਾਇਤ ਕਰੋ।

### ਕੀ ਤੁਹਾਨੂੰ ਮਦਦ ਚਾਹੀਦੀ ਹੈ?

ਸਰਕਾਰੀ ਸੇਵਾਵਾਂ ਸੰਬੰਧੀ ਮੰਤਰਾਲੇ ਕੋਲ ਬਾਕਾਇਦਾ ਸ਼ਿਕਾਇਤ ਕਰਨ ਲਈ ਉਸ ਨਾਲ ਸੰਪਰਕ ਕਰਨ ਤੋਂ ਪਹਿਲਾਂ ਕਿਰਪਾ ਕਰਕੇ ਹੇਠ ਲਿਖੇ ਕਦਮ ਚੁੱਕੋ:

1. ਕੰਪਨੀ ਨਾਲ ਸਿਧੇ ਸੰਪਰਕ ਕਰਕੇ ਆਪਣੀ ਨਿਸਚਤ ਸ਼ਿਕਾਇਤ ਸਪੱਸ਼ਟ ਕਰਕੇ ਦੱਸੋ।
2. ਸ਼ਿਕਾਇਤ ਲਿਖਤੀ ਰੂਪ ਵਿੱਚ ਕਰੋ ਅਤੇ ਇਸਨੂੰ ਪਹੁੰਚਾਏ ਜਾਣ ਦਾ ਸਬੂਤ ਅਤੇ ਕੰਪਨੀ ਨਾਲ ਕੋਈ ਹੋਰ ਚਿੱਠੀ ਪੱਤਰ ਆਪਣੇ ਕੋਲ ਰੱਖੋ।
3. ਜੇ ਫਿਰ ਵੀ ਤੁਹਾਡੀ ਤਸੱਲੀ ਨਹੀਂ ਹੁੰਦੀ, ਤਾਂ ਸਾਡੀ ਵੈੱਬਸਾਈਟ **www.mgs.gov.on.ca** 'ਤੇ ਜਾ ਕੇ ਰਸਮੀ ਤੌਰ 'ਤੇ ਸ਼ਿਕਾਇਤ ਕਰੋ ਅਤੇ ਆਨਲਾਈਨ ਸਰਵਿਸਿਜ਼ 'ਤੇ ਜਾਉ।

### ਹੋਰ ਜਾਣਕਾਰੀ ਲਈ

ਇਸ ਬਾਰੇ ਅਤੇ ਉਪਭੋਗੀਆਂ ਦੇ ਹੋਰ ਵਿਸ਼ਿਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਰਕਾਰੀ ਸੇਵਾਵਾਂ ਬਾਰੇ ਮੰਤਰਾਲੇ ਦੀ ਵੈੱਬਸਾਈਟ **www.mgs.gov.on.ca** ਵੇਖੋ ਜਾਂ ਇਸ ਨੰਬਰ 'ਤੇ ਫ਼ੋਨ ਕਰੋ **(416) 326-8555, ਜਾਂ** ਕਰ-ਮੁਕਤ ਨੰਬਰ **1-800-268-1142** । TTY ਹੈ **(416) 325-3408** ਜਾਂ ਕਰ-ਮੁਕਤ ਨੰਬਰ ਹੈ **1-800-268-7095** ।